# NEW HOPE

## DRUG COUNSELLING AND REHABILITATION CENTRE

**Sandhu Association Social Welfare Society (Regd.)**

Near Bhai Manjh Gurdwara, Opp. Gali Fouji Karyana Store,
Bhai Manjh Road, Amritsar. (Pb.)

# ਨਿਊ ਹੋਪ ਨਸ਼ਾ ਛਡਾਊ ਕੇਂਦਰ

**ਸੰਧੂ ਐਸੋਸੀਏਸ਼ਨ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ.)**

ਨਜ਼ਦੀਕ ਭਾਈ ਮੰਝ ਗੁਰਦੁਆਰਾ, ਸਾਹਮਣੇ ਗਲੀ ਫੌਜੀ ਕਰਿਆਨਾ ਸਟੋਰ, ਭਾਈ ਮੰਝ ਰੋਡ, ਅੰਮ੍ਰਿਤਸਰ ।



Money Lost
Nothing is Lost

Health Lost
Something is Lost

Character Lost
Then Everything is Lost




*Founder : Palwinder Singh Sandhu (NGO)*

M. 98150-45517, 95925-00000,

Phone & Fax : 0183-2491000

www.sandhuassociationsocialwelfaresociety.com

www.newhopeindia.com

e-mail : sandhu@newhopeindia.com




WELCOME & HONOUR
HARVEY HALL MAYOR


WELCOME & HONOUR


WELCOME & HONOUR
HARVEY HALL MAYOR








WELCOME & HONOUR
HARVEY HALL MAYOR



ਮੈਂ ਪਲਵਿੰਦਰ ਸਿੰਘ ਸੰਧੂ ਨੂੰ ਅਜੈਬੀਰਪਾਲ ਸਿੰਘ ਰੰਧਾਵਾ (ਸੀਨੀ. ਡਿਪਟੀ ਮੇਅਰ, ਅੰਮ੍ਰਿਤਸਰ) ਅਤੇ ਅਮਰੀਕਾ ਤੋਂ ਆਏ ਡੈਲੀਗੇਟ ਨਾਲ ਮਿਲਿਆ । ਇਸ ਨੌਜਵਾਨ ਨੂੰ ਮਿਲ ਕੇ ਮੈਨੂੰ ਬਹੁਤ ਪ੍ਰਸੰਨਤਾ ਹੋਈ ਕਿ ਇਸ ਵਿੱਚ ਸਮਾਜ ਸੇਵਾ ਕਰਨ ਦੀ ਚਾਹਤ ਹੈ । ਅਸੀਂ ਬਹੁਤ ਸਖ਼ਤੀ ਨਾਲ ਨਸ਼ਿਆਂ ਦੇ ਵਪਾਰ ਨੂੰ ਠੱਲ੍ਹ ਪਾ ਰਹੇ ਹਾਂ । ਜਨਤਕ ਤੌਰ ਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਬਹੁਤ ਲੋੜ ਹੈ ਕਿਉਂਕਿ ਜਨ ਸ਼ਕਤੀ ਹੀ ਲਾਮਬੰਦ ਹੋ ਕੇ ਇਸ ਦਾ ਪੂਰੀ ਤਰ੍ਹਾਂ ਖ਼ਾਤਮਾ ਕਰ ਸਕਦੀ ਹੈ ।

ਪਲਵਿੰਦਰ ਸਿੰਘ ਸੰਧੂ ਨੇ ਆਪਣੇ 'ਨਿਊ ਹੋਪ ਨਸ਼ਾ ਛਡਾਊ ਕੇਂਦਰ' ਵਿੱਚ ਬਹੁਤ ਸਾਰੇ ਨਸ਼ਿਆਂ ਵਿੱਚ ਫਸ ਕੇ ਗੁੰਮਰਾਹ ਹੋ ਚੁੱਕੇ ਨੌਜਵਾਨਾਂ ਦਾ ਸੁਧਾਰ ਕੀਤਾ ਹੈ । ਅੱਜ ਉਹ ਇੱਜ਼ਤਦਾਰ ਜ਼ਿੰਦਗੀ ਜੀਅ ਰਹੇ ਹਨ । ਸਮਾਜਿਕ ਤੌਰ ਤੇ ਇਹ ਨਸ਼ਿਆਂ ਵਿਰੁੱਧ ਬਹੁਤ ਪ੍ਰਚਾਰ ਕਰ ਰਿਹਾ ਹੈ । ਸਾਡੇ ਸਮਾਜ ਨੂੰ ਅਜਿਹੇ ਹਿੰਮਤੀ ਅਤੇ ਨਿੱਡਰ ਨੌਜਵਾਨਾਂ ਦੀ ਬਹੁਤ ਜ਼ਰੂਰਤ ਹੈ ।

ਕੁੰਵਰ ਵਿਜੇ ਪ੍ਰਤਾਪ ਸਿੰਘ
ਐੱਸ. ਐੱਸ. ਪੀ.

I availed of having a meeting with Palwinder Singh Sandhu along with Ajaybirpal Singh Randhawa (Senior Deputy Mayor, Amritsar) and the delegate from America. I was overjoyed to meet this youngman beholding his earnest aspiration to under take and accomplish the selfless social service. We have been making considerate efforts to cause a halt to the trade of drugs. There is a great need to make the people awakened as it is none else then we public force which can abolish this evil absolutely.

Palwinder Singh Sandhu has manifested the reforming of several youngman who had been caught into the sheer clutches of drugs. Today they are leading a respectful life. He is exercising much preaching socially against the in-take of drugs. Our society very badly needs such courgeous and fearless youngmen.

Kunwar Vijay Partap Singh
S.S.P.







ਸ. ਅਜੈਬੀਰਪਾਲ ਸਿੰਘ ਰੰਧਾਵਾ (ਸੀਨੀ. ਡਿਪਟੀ ਮੇਅਰ, ਅੰਮ੍ਰਿਤਸਰ) ਅਤੇ ਪਲਵਿੰਦਰ ਸਿੰਘ ਸੰਧੂ ਸੰਸਥਾਪਕ 'ਸੰਧੂ ਐਸੋਸੀਏਸ਼ਨ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ.)' ਵੱਲੋਂ ਬੇਕਰ ਫੀਲਡ ਦੇ ਮੇਅਰ ਸ੍ਰੀ ਹਾਰਵੀ ਹਾਲ ਨੂੰ ਅੰਮ੍ਰਿਤਸਰ ਦੀ ਧਰਤੀ ਤੇ ਪਹਿਲੀ ਵਾਰ ਪੰਜਾਬੀਆਂ ਦੀ ਆਣ, ਮਾਣ ਤੇ ਸ਼ਾਨ ਦੀ ਪ੍ਰਤੀਕ 'ਪੱਗ' ਬੰਨ ਕੇ ਨਿਵਾਜਿਆ ਗਿਆ ।

Mr. Harvey L. Hall the Mayor of Baker Field was honoured on the sacred land of Amritsar for the first time by bestowing upon him the dressing of the 'Turban' a symbol of the honour, pride and glory of the Punjabis, by S. Ajaybirpal Singh Randhawa (Senior Deputy Mayor, Sri Amritsar) and S. Palwinder Singh Sandhu the founder 'Sandhu Association Social Welfare Society (Regd.)'



ਅਜੈਬੀਰਪਾਲ ਸਿੰਘ ਰੰਧਾਵਾ (ਸੀਨੀ. ਡਿਪਟੀ ਮੇਅਰ ਅੰਮ੍ਰਿਤਸਰ) ਨੇ ਛੋਟੀ ਉਮਰ ਵਿੱਚ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਉਨ੍ਹਾਂ ਦੀ ਕਾਬਲੀਅਤ ਸਾਫ ਝਲਕਦੀ ਹੈ। ਉਨ੍ਹਾਂ ਨੇ ਪਿਆਰ ਅਤੇ ਕੰਮ ਦੀਆਂ ਵੋਟਾਂ ਲਈਆਂ ਹਨ। ਉਹਨਾਂ ਦੀ ਰਹਿਨੁਮਾਈ ਹੇਠ ਸ਼ਹਿਰ ਵਿੱਚ ਬਹੁਤ ਵਿਕਾਸ ਦੇ ਕੰਮ ਹੋਏ ਹਨ। ਗਰੀਬ ਤੇ ਬੇ-ਸਹਾਰਾ ਲੋਕਾਂ ਦੇ ਕੰਮ ਕਰਵਾਉਣ ਵਿੱਚ ਉਹਨਾਂ ਨੂੰ ਬਹੁਤ ਸਕੂਨ ਮਿਲਦਾ ਹੈ। ਉਹ ਇਕ ਚੰਗੇ ਸਮਾਜ ਸੁਧਾਰਕ ਹਨ। ਉਹ ਬਹੁਤ ਹੀ ਜਿੰਦਾ-ਦਿਲ ਅਤੇ ਹਸਮੁਖ ਇਨਸਾਨ ਹਨ। ਉਹ ਨਸ਼ਾ ਕਰਨ ਅਤੇ ਵੇਚਣ ਵਾਲਿਆਂ ਦੇ ਸਖਤ ਖਿਲਾਫ ਹਨ। ਉਨ੍ਹਾਂ ਨੇ ਕਦੇ ਵੀ ਆਪਣੀ ਜ਼ਿੰਦਗੀ ਵਿੱਚ ਨਸ਼ਾ ਨਹੀਂ ਕੀਤਾ [illegible] ਨਾ ਹੀ ਕਦੀ ਕਿਸੇ ਕੋਲੋਂ ਕੰਮ ਕਰਵਾਉਣ ਲਈ ਕੋਈ ਗਲਤ ਢੰਗ ਤਰੀਕਾ ਵਰਤਿਆ ਹੈ ਤੇ ਨਾ [illegible]ਤ ਢੰਗ ਨਾਲ ਕੰਮ ਕਰਵਾਇਆ ਹੈ। ਉਨ੍ਹਾਂ ਦਾ ਕਹਿਣਾ ਹੈ, ਨਸ਼ਾ ਕਰਨ ਵਾਲੇ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੁੰਦੇ। ਉਨ੍ਹਾਂ ਦ[illegible]ਰਾਂ ਬਾਰੇ ਮੇਰਾ ਮੰਨਣਾ ਹੈ ਕਿ ਨਸ਼ਿਆਂ ਦੀ ਲਾਹਨਤ ਸਾਡੇ ਸਮਾਜ ਵਿੱਚ ਅੱਗ ਦੀ ਤਰ੍ਹਾਂ ਫੈਲ ਰਹੀ ਹੈ। ਮੈਂ ਸੋਚਦਾ ਹਾਂ ਕਿ ਸਾਨੂੰ [illegible] ਤਰ੍ਹਾਂ ਦੀ ਕਾਮਯਾਬੀ ਹਾਸਿਲ ਕਰਨ ਲਈ ਕਿਸੇ ਵੀ ਤਰ੍ਹਾਂ ਦੀ ਬੁਰੀ ਚੀਜ਼ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਨਾ ਹੀ ਕਿਸੇ ਨੂੰ ਗਲਤ ਰਸਤੇ ਤੇ ਤੋਰਨਾ ਚਾਹੀਦਾ ਹੈ। ਸਾਨੂੰ ਆਪਣਾ ਕੰਮ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ ਅਤੇ ਨਸ਼ੇ ਦੀ ਲਾਹਨਤ ਨੂੰ ਸਮਾਜ ਵਿੱਚੋਂ ਖਤਮ ਕਰਨਾ ਚਾਹੀਦਾ ਹੈ। ਉਹ ਸਾਡੇ ਸੈਂਟਰ ਨਿਊ ਹੋਪ ਨਸ਼ਾ ਛਡਾਊ ਕੇਂਦਰ ਵਿੱਚ ਆਏ ਅਤੇ ਸੈਂਟਰ ਦਾ ਮਾਹੌਲ ਦੇਖ ਕੇ ਬਹੁਤ ਖੁਸ਼ ਹੋਏ। ਸਾਰੇ ਨੌਜਵਾਨਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਨੂੰ ਕਿਹਾ ਤੁਹਾਨੂੰ ਜਿੱਥੇ ਮੇਰੀ ਲੋੜ ਹੈ ਮੈਨੂੰ ਦੱਸੋ, ਮੈਂ ਹਮੇਸ਼ਾਂ ਤੁਹਾਡੇ ਨਾਲ ਖੜਾਂਗਾ। ਮੈਂ ਬਹੁਤ ਖੁਸ਼ ਹਾਂ ਮੇਰਾ ਭਰਾ ਪਲਵਿੰਦਰ ਸਿੰਘ ਸੰਧੂ ਬਹੁਤ ਵਧੀਆ ਕੰਮ ਕਰ ਰਿਹਾ ਹੈ। ਜਿਸ ਦੀ ਸਾਡੇ ਸਮਾਜ ਨੂੰ ਬਹੁਤ ਲੋੜ ਹੈ। ਮੈਨੂੰ ਆਸ ਹੈ ਕਿ ਇਹ ਇਸ ਤਰ੍ਹਾਂ ਦੇ ਸਮਾਜ ਸੁਧਾਰ ਦੇ ਕੰਮ ਕਰਦਾ ਰਹੇਗਾ। ਪ੍ਰਮਾਤਮਾ ਇਸਨੂੰ ਤਰੱਕੀ ਤੇ ਬਲ ਬਖਸ਼ੇ।

Ajaybirpal Singh Randhawa (Sen. Deputy Mayor, Amritsar) has trodden big steps during his small age. His aptitide, capacity, skill and talent clearly glare, sparkle and shine unsteadily out of his works, which he has been doing. He has attained votes for his work and love for the people. There have been so many plans and schemes going to be compleating under his admirabe, laudable and praise worthly guidance and leadership. He feels very much peace, quietude and tranquility to get work done for the poor and helpless people. He is a good social reformer. He is a very energetic lively, vivacious, cheerful and amiable youngman. He is extremely against to bibulous, drunkens and intemperates and the seller, vender and trader of intoxicating equipment, material, paraphernalia, stuff and things. He has never been taken any intoxicating thing in his whole life. He has neither adopted erroneous in accurate, untrue and or wrong manner, method mode way for to do any work and nor to get work wrongly done. He often says, "The persons, who take intoxicating things never be successful in their life. Feelings, estimations, opinions, notions, judgements and views, which are said by him. I accept them and want to say that the badness, evil, vice or wickedness intoxication and drugs are spreading in our society like the wild fire. I think that we ought not use any type of bad thing to get any kind of success and one ought not to put some one set on the wrong path of life. We ought to do our work of job honestly and trust worthily and to prevent, prohibit, scream and criticise the badness, evil vice, viciousness or wickedness of intoxications.

He came in our NEW HOPE De-Intoxication Centre and felt happiness seeing the atmosphere, environment and surroundings of the center. He inspired, instigated and motivated to the youngman to give up intoxicating and he also said, "wherever you feel my need, tell me, I Shall always stand with you." He further said, "I am very happy watching my brother Palwinder Singh Sandhu has been working very good and nicely. Which is very indispensible and necessary for our society. At last concluding, accomplishing or completing his happy feelings he said, "I hope that my brother Palwinder Singh Sandhu will continue his social reforming work or task for the Indian society in the future having his same feelings emotions and motives. May God bless him with energy, zeel, enthusiasm and progress.



ਮੈਂ ਆਪਣੀ ਜ਼ਿੰਦਗੀ ਵਿੱਚ ਕਈ ਨਸ਼ਾ ਕਰਨ ਤੇ ਵੇਚਣ ਵਾਲਿਆਂ ਨੂੰ ਫੜਿਆ ਹੈ । ਮੈਂ ਇਸ ਨਸ਼ੇ ਨੂੰ ਖਤਮ ਕਰਨ ਦੀ ਸਭ ਤੋਂ ਪਹਿਲੀ ਜੰਗ ਤਦ ਛੇੜੀ ਸੀ ਜਦ ਮੇਰੀ ਪਹਿਲੀ ਪੋਸਟਿੰਗ ਅੰਮ੍ਰਿਤਸਰ ਜੇਲ੍ਹ ਵਿੱਚ ਹੋਈ ਤਾਂ ਮੈਂ ਜੇਲ੍ਹ ਨੂੰ ਸੁਧਾਰ ਘਰ ਬਣਾਉਣ ਲਈ ਇਕ e-mail : sudharghar@gmail.com ਰੱਖੀ । ਜਿਸ ਵਿੱਚ ਪੜ੍ਹਾਈ ਅਤੇ Rehabilitation of the Prisoners Centre ਚਲਾਇਆ ਗਿਆ । ਜਿਸ ਵਿੱਚ ਨਸ਼ੇੜੀ ਨੂੰ ਨਸ਼ੇ ਤੋਂ ਛੁਟਕਾਰਾ ਦਿਵਾਇਆ ਜਾਂਦਾ ਹੈ । ਜੇਲ੍ਹ ਵਿੱਚ 300 ਕੈਦੀਆਂ ਦੀਆਂ ਕਲਾਸਾਂ ਵੀ ਚਲਾਈਆਂ ਜਾਂਦੀਆਂ ਸਨ । 300 ਕੈਦੀਆਂ ਨੂੰ 10-10 ਦੇ ਬੈਚਾਂ ਵਿੱਚ ਵੰਡਿਆ ਜਾਂਦਾ ਸੀ । S.S.P. Kunwar Vijay Partap ਨੇ ਜੋ ਗਰੀਬਾਂ ਤੋਂ ਕਤਲ ਹੁੰਦੇ ਸਨ । ਉਨ੍ਹਾਂ ਨੂੰ National Regal Sesion Authary Caurt ਲਗਾਇਆ । ਉਨ੍ਹਾਂ ਨੇ ਗਰੀਬਾਂ ਲਈ ਜੇਲ੍ਹਾਂ ਵਿੱਚ Legal Aid Cell ਬਣਾਇਆ । ਉਨ੍ਹਾਂ ਨੇ ਜੇਲ੍ਹ ਵਿੱਚ Education ਅਤੇ Drug de-addiction Centre ਖੋਲ੍ਹੇ । S.S.P. Kunwar Vijay Partap ਅੰਮ੍ਰਿਤਸਰ ਦੇ ਪਹਿਲੇ ਅਜਿਹੇ S.S.P. ਹਨ । ਜਿਨ੍ਹਾਂ ਨੇ ਜੇਲ੍ਹ ਨੂੰ ਇੱਕ ਸੁਧਾਰ ਘਰ ਦਾ ਨਾਮ ਦਿੱਤਾ । ਉਨ੍ਹਾਂ ਵੱਲੋਂ India Unit Foundation ਵਿੱਚ ਵੀ ਕਈ ਤਰ੍ਹਾਂ ਦੇ ਕੰਮ ਕੀਤੇ ਗਏ । ਅੱਜ ਕੱਲ ਫਿਰ S.S.P. Kunwar Vijay Partap ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੇ ਸੇਵਾ ਨਿਭਾਅ ਰਹੇ ਹਨ । ਉਹ ਆਪਣੇ ਕੰਮ ਨੂੰ ਪੂਰੀ ਇਮਾਨਦਾਰੀ ਅਤੇ ਕਾਨੂੰਨ ਦੇ ਦਾਇਰਿਆਂ ਵਿੱਚ ਰਹਿ ਕੇ ਕਰਦੇ ਹਨ । ਉਨ੍ਹਾਂ ਨੇ ਫਿਰ ਨਸ਼ੇ ਖਿਲਾਫ ਇੱਕ ਅਜਿਹੀ ਜੰਗ ਛੇੜੀ ਹੈ । ਉਨ੍ਹਾਂ ਨੇ ਨਸ਼ੇ ਵੇਚਣ ਅਤੇ ਖਰੀਦਣ ਵਾਲਿਆਂ ਵਿਰੁੱਧ ਸਖਤ ਕਾਨੂੰਨ ਬਣਾਏ ਹਨ । ਉਹ ਨਸ਼ੇ ਨੂੰ ਖਤਮ ਕਰਨ ਲਈ ਕਈ ਤਰ੍ਹਾਂ ਦੇ Camp ਸਮੇਂ ਸਮੇਂ ਤੇ ਲਗਾਉਂਦੇ ਰਹਿੰਦੇ ਹਨ । ਉਨ੍ਹਾਂ ਦੀ ਸੋਚ ਮੁਤਾਬਕ ਸਾਨੂੰ ਨਸ਼ੇ ਨੂੰ ਖਤਮ ਕਰਨ ਲਈ Awareness Campaign ਕਰਨੀ ਚਾਹੀਦੀ ਹੈ ਅਤੇ Crusude againt drug traffickers ਕਰਨਾ ਚਾਹੀਦਾ ਹੈ । ਸਾਨੂੰ ਸਾਰੇ ਸ਼ਹਿਰ ਵਾਸੀਆਂ ਅਤੇ ਦੇਸ਼ ਵਾਸੀਆਂ ਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ । ਮੈਂ Palwinder Singh Sandhu (President Sandhu Association Social Welfare Society Regd.) ਜਿਸ ਦੇ ਅਧੀਨ New Hope ਨਸ਼ਾ ਛਡਾਊ ਸੈਂਟਰ ਚਲਾਇਆ ਜਾ ਰਿਹਾ । ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਅੰਮ੍ਰਿਤਸਰ ਦੀ ਇਸ ਪਵਿੱਤਰ ਧਰਤੀ ਤੋਂ ਨਸ਼ੇ ਨੂੰ ਖਤਮ ਕਰ ਸਕੀਏ । S.S.P. Kunwar Vijay Partap ਨੇ ਨਸ਼ੇ ਵੇਚਣ ਵਾਲਿਆਂ ਦੇ ਘਰਾਂ ਨੂੰ ਤਾਲੇ ਲਗਵਾ ਦਿੱਤੇ ਹਨ । ਉਹ ਪਹਿਲੇ S.S.P. ਹਨ ਜਿਨ੍ਹਾਂ ਨੇ ਸਭ ਤੋਂ ਵੱਡੇ Kidney Racket ਦਾ ਪਰਦਾਫਾਸ਼ ਕੀਤਾ । ਨਸ਼ੇ ਕਰਨ ਵਾਲਿਆਂ ਦੀ ਨਜਾਇਜ਼ ਪ੍ਰਾਪਰਟੀ ਨੂੰ ਸੀਲ ਕਰ ਦਿੱਤਾ । ਅਸੀਂ ਧੰਨਵਾਦੀ ਹਾਂ ਕਿ S.S.P. ਸਾਹਿਬ ਨੇ ਇਸ ਸ਼ਹਿਰ ਨੂੰ ਨਸ਼ਾ ਮੁਕਤ ਕਰਨ ਦੀ ਜੋ ਮੁਹਿੰਮ ਛੇੜੀ ਹੈ । ਉਸ ਨਾਲ ਸ਼ਹਿਰ ਦਾ ਕਾਫੀ ਸੁਧਾਰ ਹੋਇਆ ਹੈ । ਅਸੀਂ ਸਾਰੇ ਮਿਲ ਕੇ ਉਨ੍ਹਾਂ ਦਾ ਸਾਥ ਦੇਵਾਂਗੇ ।

– ਪਲਵਿੰਦਰ ਸਿੰਘ ਸੰਧੂ



ਅਜੋਕੇ ਸਮਾਜ 'ਚ ਤਕਰੀਬਨ ਹਰ ਵਰਗ, ਹਰ ਘਰ ਤੇ ਖਾਸ ਕਰ ਸਾਡੀ ਨੌਜਵਾਨ ਪੀੜ੍ਹੀ ਇਸ ਨਸ਼ੇ ਵਿੱਚ ਗਰਕ ਹੋ ਰਹੀ ਹੈ। ਮੈਂ ਆਪ ਬਾਸਕਿਟ ਬਾਲ ਦਾ ਖਿਡਾਰੀ ਹਾਂ ਤੇ ਮੇਰਾ ਬੇਟਾ ਵੀ ਬਾਸਕਿਟ ਬਾਲ ਦਾ ਨੈਸ਼ਨਲ ਖਿਡਾਰੀ ਹੈ। ਸਾਡੀ ਨੌਜਵਾਨ ਪੀੜੀ ਅੱਜ ਕਲ ਨਸ਼ੇ ਵਿੱਚ ਡੁੱਬਦੀ ਜਾ ਰਹੀ ਹੈ। ਇਹ ਦੇਖ ਕੇ ਬਹੁਤ ਦੁੱਖ ਹੈ, ਪਹਿਲਾਂ ਨਸ਼ਾ ਸਿਰਫ ਖੇਡਾਂ ਦਾ ਹੁੰਦਾ ਸੀ। ਨੌਜਵਾਨ ਸਵੇਰੇ, ਸ਼ਾਮ ਖੇਡਾਂ ਖੇਡਦੇ ਤੇ ਕਸਰਤਾਂ ਕਰਦੇ ਸਨ। ਅੱਜ ਕਲ ਨੌਜਵਾਨਾਂ ਨੂੰ ਖੇਡਾਂ ਦੇ ਨਸ਼ੇ ਦੀ ਥਾਂ ਤੇ ਮਾਰੂ ਨਸ਼ੇ ਚੰਗੇ ਲੱਗਦੇ ਹਨ ਜਿਸ ਨਾਲ ਉਹਨਾਂ ਦੀ ਸਿਹਤ ਹੀ ਖਰਾਬ ਨਹੀਂ ਬਲਕਿ ਸਮਾਜ ਵਿੱਚ ਉਹਨਾਂ ਦਾ ਮਾਣ ਸਤਿਕਾਰ ਵੀ ਖਤਮ ਹੋ ਜਾਂਦਾ ਹੈ। ਕੋਈ ਵੀ ਵਿਅਕਤੀ ਇੱਕ ਨਸ਼ਾ ਕਰਨ ਵਾਲੇ ਨੂੰ ਆਪਣੇ ਘਰ ਨਹੀਂ ਸੱਦਦਾ ਤੇ ਨਾ ਹੀ ਉਸ ਨਾਲ ਚੰਗੀ ਤਰ੍ਹਾਂ ਗੱਲਬਾਤ ਕਰਦਾ ਹੈ। ਮੈਂ ਅੱਜ ਦੇ ਨੌਜਵਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਮਾਰੂ ਨਸ਼ੇ ਦਾ ਤਿਆਗ ਕਰਕੇ ਖੇਡਾਂ, ਕਸਰਤਾਂ ਕਰਨ ਦਾ ਨਸ਼ਾ ਅਪਨਾਉਣ ਤਾਂ ਜੋ ਉਹਨਾਂ ਨੂੰ ਸਮਾਜ ਵਿੱਚ ਆਦਰ ਸਨਮਾਨ ਮਿਲੇ। ਖੇਡਾਂ ਖੇਡਣ ਨਾਲ ਸਾਡੇ ਵਿੱਚ ਰਾਸ਼ਟਰੀ ਭਾਵਨਾ ਜਾਗਦੀ ਹੈ। ਸਾਡੇ ਵਿੱਚ ਸਹਿਣਸ਼ੀਲਤਾ [illegible] ਤੇ ਸਾਡੀ ਸਿਹਤ ਚੰਗੀ ਰਹਿੰਦੀ ਹੈ। ਮੈਂ ਸਾਰਿਆਂ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਇਸ ਮਾਰੂ ਨਸ਼ੇ ਦੇ ਕੋਹੜ ਨੂੰ ਸਮਾਜ ਵਿੱਚ ਕੱਢੀਏ [illegible] ਇੱਕ ਨਵਾਂ ਨਸ਼ਾ ਮੁਕਤ ਸਮਾਜ ਸਿਰਜੀਏ। ਮੈਂ ਪਲਵਿੰਦਰ ਸਿੰਘ ਸੰਧੂ ਦੇ ਇਸ ਉਪਰਾਲੇ ਤੋਂ ਬਹੁਤ ਖੁਸ਼ ਹਾਂ ਜੋ ਕਿ 'ਨਿਊ ਹੋਪ ਨਸ਼ਾ ਛਡਾਊ ਕੇਂਦਰ' ਨਾਂ ਦਾ ਸੈਂਟਰ ਚਲਾ ਰਿਹਾ, ਜਿ[illegible] ਵਿੱਚ ਇਕ ਨਸ਼ੇੜੀ ਨੂੰ ਨਵੀਂ ਜ਼ਿੰਦਗੀ ਦਿੱਤੀ ਜਾਂਦੀ ਹੈ। ਉਹ ਸਮਾਜ ਵਿੱਚੋਂ ਨਸ਼ੇ ਦੇ ਕੋਹੜ ਨੂੰ ਕੱਢ ਰਿਹਾ ਹੈ। ਆਉ ! ਆਪਾਂ ਸਾਰੇ ਰਲ [illegible] ਇਸਦਾ ਸਾਥ ਦਈਏ ਤਾਂ ਕਿ ਇਹ ਹੋਰ ਇਸ ਤਰ੍ਹਾਂ ਦੇ ਕੰਮ ਕਰਕੇ ਸਾਡੇ ਸਮਾਜ ਨੂੰ ਹੋਰ ਚੰਗੇਰਾ ਬਣਾਏ। ਮੈਂ ਤਹਿ ਦਿਲੋਂ ਇਸ ਦਾ [illegible]ੀ ਹਾਂ। ਸ਼ਾਲਾ ! ਇਹ ਹੋਰ ਤਰੱਕੀ ਕਰੇ।

ਪਰਮਜੀਤ ਸਿੰਘ ਤੇਜਾ
(S.P.)

The present society approximately every class, house and the young generation chiefly, especially and prticularly has been perishing, immersing and sinking in the bad-habit of intoxication. I am a player of basketball and my son is also national of the basketball. Our young generation is sinking in the river of intoxication. To see and think about it is very awakful and painful. At first there was only one stimulation or intoxication of games athletics and sports. Youngmen took their physical exercise at the time of morning and evening. Youngmen approve, choose and like fatal, distructive, mortal and lethal intoxication in place of, in lieu of or instead of games, sports and athletics. They do not destroy, damage, ruin or spoil only their badily health but more over they ruin their mental health and honour and respect in the society also none invite to intoxicaters to his or her home and nobody like to talk them in good manners. I pray to the youngmen of the day that they should give up taking mortal intoxicating material or things and adopt to take exercise, so that they may get honour and respect in the society. Games, sports and athletics awaken national feeling emotion and motive. Our forearance, endurance, patience, stamina and tolerance increase or aggravate by games. I once again request to all that the mortal leprosy of intoxication should be expeled or turned out the society and try to construct de-intoxicating a new society for the best future of our country. I am very pleased for the attempt, effort, endevour, method and means of Palwinder Singh Sandhu, who is running a NEW HOPE De-Intoxiction Center. In which intoxicating persons has been reformed for new hope and life. He is abolishing the leprosy of intoxication from the society. Let us ! we all associately and jointly help him, so that he may make the society better than today, doing such like more work and guidance. I am his grateful from the core of my heart. Good willing ! he may make more progress in his life and NEW HOPE De-Intoxication Center.

- Parmjit Singh Teja
(S.P.)



ਰੁਪਿੰਦਰ ਕੌਰ

ਮੇਰੀ ਭੈਣ ਰੁਪਿੰਦਰ ਕੌਰ ਸੰਧੂ ਜੋ ਕੈਪਟਨ ਗੁਰਦੀਪ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਮਿਹਨਤ ਕੀਤੀ ਹੈ ਅਤੇ ਮਿਹਨਤ ਉਹੀ ਇਨਸਾਨ ਕਰਦਾ ਹੈ ਜੋ ਜ਼ਿੰਦਗੀ ਵਿੱਚ ਆਪਣੇ ਅਤੇ ਕਿਸੇ ਲਈ ਕੁਝ ਕਰਨਾ ਚਾਹੁੰਦਾ ਹੈ। ਸਾਡੇ ਘਰ ਸਭ ਕੁਝ ਹੋਣ ਦੇ ਬਾਵਜੂਦ ਵੀ ਮੇਰੀ ਭੈਣ National Child Labour Project ਅਧੀਨ ਚੱਲ ਰਹੇ ਸਕੂਲ ਵਿੱਚ ਪੜ੍ਹਾਉਣ ਜਾਂਦੇ ਸਨ। ਜਿੱਥੇ ਗਰੀਬ ਬੱਚਿਆਂ ਨੂੰ ਮੁਫਤ ਪੜ੍ਹਾਈ ਕਰਵਾਈ ਜਾਂਦੀ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਕਮਾਈ ਦੀ ਸ਼ੁਰੂਆਤ ਸਿਰਫ 400/- ਰੁਪਏ ਪ੍ਰਤੀ ਮਹੀਨਾ ਤਨਖਾਹ ਨਾਲ ਕੀਤੀ, ਪਰ ਉਨ੍ਹਾਂ ਅੰਦਰ ਗਰੀਬਾਂ ਤੇ ਬੇਸਹਾਰਾ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਨੂੰ ਦਿਵਾਉਣ ਅਤੇ ਜਾਗਰੂਕ ਕਰਨ ਦੀ ਚਾਹ ਸੀ। ਇਸ ਦੇ ਨਾਲ-ਨਾਲ ਹੀ ਉਨ੍ਹਾਂ ਨੇ ਸੁਸਇਟੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਟ ਦੀ ਡਿਗਰੀ ਵੀ ਕੀਤੀ ਤੇ ਫਿਰ ਆਪਣੀ ਸੁਸਾਇਟੀ ਬਣਾਈ। ਜਿਸਦਾ ਨਾਮ ਮੇਰੇ ਦਾਦਾ ਜੀ ਦੇ ਨਾਮ ਤੇ ਕੈਪਟਨ ਗੁਰਦੀਪ ਸਿੰਘ ਸੁਸਾਇਟੀ ਰੱਖਿਆ। ਮੇਰੀ ਭੈਣ ਮੇਰੇ ਦਾਦਾ ਜੀ ਨੂੰ ਆਪਣਾ ਆਦਰਸ਼ ਮੰਨਦੇ ਹਨ। ਉਹ ਉਨ੍ਹਾਂ ਦੇ ਨਾਮ 'ਤੇ ਉਨ੍ਹਾਂ ਦੇ ਅਧੂਰੇ ਰਹਿ ਗਏ ਸੁਪਨਿਆਂ ਨੂੰ ਪੂਰਾ ਕਰਨ ਦਾ ਇੱਕ ਜਨੂੰਨ ਲੈ ਕੇ ਚੱਲ ਰਹੇ ਹਨ। ਮਿਹਨਤ ਤੇ ਇਮਾਨਦਾਰੀ ਹਮੇਸ਼ਾਂ ਰੰਗ ਲਿਆਉਂਦੀ ਹੈ। ਇਸ ਦੀ ਸਿੱਖਿਆ ਮੈਂ ਆਪਣੀ ਭੈਣ ਕੋਲੋਂ ਲਈ ਹੈ। ਅੱਜ ਮੇਰੀ ਭੈਣ ਦੀ ਸੋਸਾਇਟੀ ਦੇ ਪਾਸ ਕੋਈ 80 ਸਕੂਲ ਚੱਲ ਰਹੇ ਹਨ। ਜਿਨ੍ਹਾਂ ਵਿੱਚ National Child Labour Project ਅਤੇ Sarv Shiksha Abhiyan ਦੇ ਸਕੂਲ ਸ਼ਾਮਿਲ ਹਨ। ਇਨ੍ਹਾਂ ਸਕੂਲਾਂ ਵਿੱਚ ਗਰੀਬ ਬੱਚਿਆਂ ਦੇ ਪੱਧਰ ਨੂੰ ਉੱਚਾ ਚੁੱਕਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਨ੍ਹਾਂ ਸਕੂਲਾਂ ਵਿੱਚ ਗਰੀਬ ਘਰਾਣਿਆਂ ਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਨੂੰ ਹੀ ਨੌਕਰੀ ਦਿੱਤੀ ਜਾਂਦੀ ਹੈ। ਇਨ੍ਹਾਂ ਸਕੂਲਾਂ ਵਿੱਚ ਕੁਲ 1700 ਬੱਚੇ ਪੜ੍ਹ ਰਹੇ ਹਨ ਅਤੇ ਕੁਲ 150 ਅਧਿਆਪਕਾਂ ਨੂੰ ਰੋਜ਼ਗਾਰ ਮਿਲ ਰਿਹਾ ਹੈ। ਮੇਰੀ ਭੈਣ ਜੀ ਦੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਨ ਦੀ ਲਗਨ ਨੇ ਉਨ੍ਹਾਂ ਨੂੰ ਪੰਜਾਬ ਜਾਂ ਭਾਰਤ ਵਿੱਚ ਨਹੀਂ ਬਲਕਿ ਬਾਹਰਲੇ ਦੇਸ਼ਾਂ ਵਿੱਚ ਕੰਮ ਕਰਨ ਦਾ ਮੌਕਾ ਦਿਖਾਇਆ। ਪਿ [illegible] Bakersfield ਤੋਂ Mayor Harvey L. Hall ਤੇ ਉਨ੍ਹਾਂ ਦੇ [illegible] ਮੇਰੀ ਭੈਣ ਜੀ ਦੀ ਸੁਸਾਇਟੀ ਅਧੀਨ ਚੱਲ ਰਹੇ ਸਾਰੇ ਕੰਮਾਂ ਦੀ ਜਾਂਚ ਪੜਤਾਲ ਕੀਤੀ। ਉਹ ਸਾਰੇ ਇਨ੍ਹਾਂ ਦਾ ਕੰਮ ਦੇਖ ਕੇ ਬਹੁਤ ਹੈਰਾਨ ਅਤੇ ਖੁਸ਼ ਹੋਏ ਕਿ ਉਨ੍ਹਾਂ ਨੇ ਮੇਰੀ ਭੈਣ ਜੀ ਦੀ ਸੁਸਾਇਟੀ ਨੂੰ ਅਮਰੀਕਾ ਵਿੱਚ ਵੀ ਸਕੂਲ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ। ਭੈਣ ਜੀ ਦੀ ਮਿਹਨਤ ਤੇ ਲਗਨ ਨੇ ਨਾ ਸਿਰਫ ਉਨ੍ਹਾਂ ਦੇ ਨਾਮ



ਕੈਪਟਨ ਗੁਰਦੀਪ ਸਿੰਘ













ਅਤੇ ਸੁਸਾਇਟੀ ਦੇ ਨਾਮ ਨੂੰ ਭਾਰਤ ਵਿੱਚ ਰੌਸ਼ਨ ਕੀਤਾ ਬਲਕਿ ਹੁਣ ਉਹ ਪੂਰੇ ਸੰਸਾਰ ਵਿੱਚ ਰੌਸ਼ਨ ਹੋਣ ਜਾ ਰਹੇ ਹਨ । ਇਹ ਨਸ਼ਾ ਛਡਾਊ ਕੇਂਦਰ ਖੋਲ੍ਹਣ ਲਈ ਵੀ ਮੈਨੂੰ ਉਨ੍ਹਾਂ ਨੇ ਹੀ ਪ੍ਰੇਰਿਆ ਹੈ । ਕਿਉਂਕਿ ਜਿਆਦਾਤਰ ਗਰੀਬੀ ਦੇ ਕਾਰਨ ਲੋਕ ਨਸ਼ਿਆਂ ਵਿੱਚ ਪੈ ਗਏ ਹਨ ਤੇ ਸਭ ਤੋਂ ਜਿਆਦਾ ਦੁੱਖੀ ਔਰਤਾਂ ਹੀ ਹੁੰਦੀਆਂ ਹਨ । ਗਰੀਬਾਂ ਨੂੰ ਨਸ਼ੇ ਤੋਂ ਬਚਾਉਣ ਅਤੇ ਸਹੀ



ਜਿੰਦਗੀ ਦੀ ਦਿਸ਼ਾ ਦਿਖਾਉਣ ਲਈ ਅਸੀਂ ਇੱਕ ਸੈਂਟਰ ਖੋਲ੍ਹਿਆ ਜਿਸਦਾ ਨਾਮ ਨਿਊ ਹੋਪ ਨਸ਼ਾ ਛਡਾਊ ਕੇਂਦਰ ਹੈ । ਇਸ ਤੋਂ ਇਲਾਵਾ ਮੇਰੀ ਦੀਦੀ ਵੱਲੋਂ ਗਰੀਬਾਂ ਦੇ ਵਿਆਹ, ਉਨ੍ਹਾਂ ਦੇ ਇਲਾਜ ਅਤੇ ਸਰਕਾਰੇ ਦਰਬਾਰੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਂਦੀ ਹੈ । ਉਨ੍ਹਾਂ ਦੇ ਸੁਸਾਇਟੀ ਅਧੀਨ ਕਈ ਪ੍ਰੋਜੈਕਟ ਚੱਲ ਰਹੇ ਹਨ। ਜਿਵੇਂ ਕਿ :



1. **Swadhar Scheme** : ਬੇਸਹਾਰਾ ਔਰਤਾਂ ਦਾ ਰਹਿਣ ਘਰ ।
2. **Short Stay Home** : ਦੂਰ ਦੁਰਾਡੇ ਨੌਕਰੀ ਕਰਦੀਆਂ ਔਰਤਾਂ ਦਾ ਰਹਿਣ ਘਰ ।
3. **Integreted Caurse** : ਪਿੰਡਾਂ ਵਿੱਚ ਔਰਤਾਂ ਨੂੰ ਪੜ੍ਹਾਉਣਾ ।



4. **Candenosed Caurse** : ਔਰਤਾਂ ਨੂੰ ਹੱਥੀਂ ਕਿੱਤੇ ਦੀ ਟਰੇਨਿੰਗ ਦੇਣਾ ।
5. **Family Counselling Centre** : ਹਰ ਗਰੀਬ ਦੇ ਕੇਸ ਹੱਲ ਕਰਵਾਉਣਾ ।



ਮੈਂ ਰਿਣੀ ਹਾਂ ਆਪਨੀ ਭੈਣ ਦਾ ਅਤੇ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਜਿਸਨੂੰ ਇਹੋ ਜਿਹੀ ਭੈਣ ਮਿਲੀ ਹੈ । ਜਿਸਨੇ ਸਾਡੇ ਸਾਰੇ ਪਰਿਵਾਰ ਦਾ ਨਾਮ ਸਿਰਫ ਰੌਸ਼ਨ ਹੀ ਨਹੀਂ ਕੀਤਾ ਬਲਕਿ ਰੁਸ਼ਨਾ



ਦਿੱਤਾ ਹੈ । ਰੱਬ ਕਰੇ ਇਹੋ ਜਿਹੀ ਭੈਣ ਹਰ ਭਰਾ ਨੂੰ ਦੇਵੇ ਅਤੇ ਹਰ ਘਰ ਵਿੱਚ ਇਹੋ ਜਿਹੀ ਨੇਕ, ਸੁੱਘੜ, ਸਿਆਣੀ ਧੀ ਪੈਦਾ ਹੋਵੇ । ਪ੍ਰਮਾਤਮਾ ਇਨ੍ਹਾਂ ਨੂੰ ਹੋਰ ਸਮਾਜ ਸੁਧਾਰ ਦੇ ਕੰਮ ਕਰਨ ਦਾ ਬਲ ਬਖਸ਼ੇ ।

– ਪਲਵਿੰਦਰ ਸਿੰਘ 'ਸੰਧੂ'



Rupinder Kaur Sandhu is the president of 'Captain Gurdeep Singh Social Welfare Society'. She has performed very much diligence and toil in her life and only that human does much labour and industry in life, who wants to do something for others, There was everything in our home, because my parents having a link to well to do well or prosperous family. But even then my sister went to teach in a school was run by National Child Labour Project. There poor children were given free education. She started her beginning or commencment getting 400Rs. per month salary, pay or wages. But she had asdent, eager, fervent or passinate desire to awaken the poor and helpless people for their right, just, truth, equity and claim.



During this period she also passed her post-graduation degree and then she formed society. She slected name for this society after the name of her respected grandfather, 'Captain Gurdeep Singh Society'. My sister takes model, ideal or principle to her grandfather. She is living to complete the unfulfilled dreams of her grandfather as an insanity, madness or lunacy. Labour and honesty always bear fruit or bring about change presenting a fine appearance. Its adivce, education, guidance schooling and traing I have got from my respected sister. There are so schools running in guidence, control, supper vision and direction of my sister's society, Among them 'National Child Labour Project' and 'Sarv Shiska Abhiyan' school are included. In these school every might and main has been made to uplifting the educational standard of the children. Only the women of poor families [illegible] are select for service in these school 1700 children [illegible] and 150 teacher are employed there. My sister's in[illegible] faithfulness honesty, trust worthiness and the dedication, devotion to do every work as a labourer or worker has given her chance not to work only in Punjab or India, but also in foreign countries. Lately or most recently Awey Mayor Harvey L. Hall came from Amarica's Bakersfiel with deligates and they verified functions, which are being done under my











are being done under my sister's society. They all felt so astonishing and wonder struck and happiness watching her work that they allowed or permitted to my sister to open a such like school also in America. My sister's labour and dedication did not manifest, illuminate our grandfather's name in going to be illuminated also in world. She has also inspired, instigated and motivated me to open this 'De-Intoxication Center'. Most people are intoxicants, because of poverty and the women are most





afficted, grieved, wretched, tormented or troubled, as a result. We opend a De-Intoxication Center to save the poor people using intoxicants and show them the right path of the life. Its name is 'NEW HOPE De-Intoxication Center'. From this center my sister make arrangement for the marriages of the poor, treatment of the ailing poor persons and she helps the poor every type of matter related to privates or governmental institutions. There are many projects, which are running on under this society. As :






1. Swadhar Scheme : Home for the helpless women.
2. Short Stay Home : Dewelling place for the women who are serving very for off their homes.
3. Integreted Course : To teach the villager women.
4. Candenosed Course : Professional or vocational to give traing to the women.
5. Family Counclling Center : To solve the case or problems of every poor person.

I am indebted to my sister and comprehend and consider him self fortunate and lucky. To whom God has blessed giving such like sister. My sister did not ring to light the name of our family in our own country, buy has kindled and illuminated in the universe. I pray to God that he give my sister like sister to every brother and there should be every house blessed with my sister like adroit noble, dexterous, sensible, artful, astute, intelligent, judicious and wise daughter. May almighty entwine, twist and stengthen her to do more good for the society making more reforms and noble deeds.



- Palwinder Singh Sandhu

ਆਧੁਨਿਕਤਾ ਦੇ ਇਸ ਦੌਰ ਵਿੱਚ ਮਨੁੱਖ ਦੀਆਂ ਕਦਰਾਂ ਕੀਮਤਾਂ ਘੱਟ ਗਈਆਂ ਹਨ । ਹਰ ਕੋਈ ਆਪੋ ਆਪਨੀ ਪੈਸੇ ਦੀ ਅੰਨ੍ਹੀ ਦੌੜ ਵਿੱਚ ਲੱਗਾ ਹੋਇਆ ਹੈ । ਕਿਸੇ ਨੂੰ ਕੋਈ ਫਿਕਰ ਨਹੀਂ ਕਿ ਸਾਡੇ ਆਲੇ-ਦੁਆਲੇ ਸਮਾਜ ਵਿੱਚ ਕੀ ਵਾਪਰ ਰਿਹਾ ਹੈ । ਰਿਸ਼ਤਿਆਂ-ਨਾਤਿਆਂ ਵਿੱਚ ਤਰੇੜਾਂ ਪੈ ਗਈਆਂ ਹਨ । ਆਮ ਆਦਮੀ ਦਾ ਦੁੱਖ ਸੁਣਨ ਵਾਲਾ ਕੋਈ ਨਹੀਂ । ਗਰੀਬ ਲੋਕ ਜਿਲਤ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ ।



ਕੁਝ ਖਾਸ ਰੂਹਾਂ ਹੀ ਹੁੰਦੀਆਂ ਹਨ ਜੋ ਕਿਸੇ ਦੁੱਖੀ ਲਾਚਾਰ ਦਾ ਦੁੱਖ ਵੰਡਾਉਂਦੀਆਂ ਹਨ । ਰੁਪਿੰਦਰ ਕੌਰ ਸੰਧੂ ਵੀ ਉਨ੍ਹਾਂ ਵਿੱਚੋਂ ਇੱਕ ਹੈ ਜਿਸਨੇ ਆਪਣੇ ਦਾਦਾ ਕੈਪਟਨ ਗੁਰਦੀਪ ਸਿੰਘ ਜੀ ਨੂੰ ਆਪਨਾ ਆਦਰਸ਼ ਬਣਾਇਆ । ਬਚਪਨ ਤੋਂ ਹੀ ਰੁਪਿੰਦਰ ਕੌਰ ਵਿੱਚ ਲੋਕਾਂ ਦੀ ਸੇਵਾ ਕਰਨ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਹੋਇਆ ਹੈ । ਘਰੇਲੂ ਹਾਲਾਤ ਬਹੁਤ ਵਧੀਆ ਅਤੇ ਆਰਥਿਕ ਪੱਖੋਂ ਕਾਫੀ ਮਜ਼ਬੂਤ ਹੋਣ ਦੇ ਬਾਵਜੂਦ ਵੀ ਉਹ ਪੱਛੜਿਆਂ ਇਲਾਕਿਆਂ ਵਿੱਚ ਜਾ ਕੇ ਲੋਕ ਸੇਵਾ ਦੇ ਕਾਰਜ ਵਿੱਚ ਇੱਕਲੀ ਹੀ ਨਿਡਰ ਹੋ ਕੇ ਰੁੱਝੀ ਰਹੀ ।



ਹੁਣ ਉਹ ਕੈਪਟਨ ਗੁਰਦੀਪ ਸਿੰਘ ਮੈਮੋਰੀਅਲ ਟਰੱਸਟ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ । ਉਹ ਪੱਛੜਿਆਂ ਇਲਾਕਿਆਂ ਵਿੱਚ ਜਾ ਕੇ ਉੱਥੋਂ ਦੇ ਅੱਤ ਗਰੀਬੀ ਦੀ ਹਾਲਤ ਵਿੱਚ ਨਰਕ ਭੋਗ ਰਹੇ ਲੋਕਾਂ ਨੂੰ ਸਵੈ-ਰੁਜ਼ਗਾਰ ਕਰਨ ਲਈ ਪ੍ਰੇਰਿਤ ਕਰ ਰਹੀ ਹੈ । ਨਾਰੀ ਜਾਤੀ ਨੂੰ ਸਮਾਜ ਵਿੱਚ ਉੱਚਾ ਚੁੱਕਣ ਲਈ ਔਰਤਾਂ ਨੂੰ ਆਰਥਿਕ ਮੰਦਹਾਲੀ ਵਿੱਚੋਂ ਕੱਢਣ ਲਈ ਕਈ ਕਿਸਮ ਦੇ ਹੱਥੀਂ ਕੰਮ ਸਿਖਾ ਰਹੀ ਹੈ । ਪਿੰਡਾਂ, ਗਲੀਆਂ, ਮੁਹੱਲਿਆਂ ਵਿੱਚ ਜਾ ਕੇ ਦੇਸ਼ ਦੇ ਰੁਲ ਰਹੇ ਭਵਿੱਖ ਨੂੰ ਰੁਸ਼ਨਾਉਣ ਦਾ ਯਤਨ ਕਰ ਰਹੀ ਹੈ । ਛੋਟੇ ਛੋਟੇ ਗਰੀਬ ਬੱਚਿਆਂ ਨੂੰ ਵਿਦਿਆ ਦਾ ਦਾਨ ਅਤੇ ਮੁਫਤ ਭੋਜਨ ਦੇ ਕੇ ਚੰਗਾ ਜੀਵਨ ਜੀਣ ਦੀ ਜਾਚ ਸਿਖਾ ਰਹੀ ਹੈ ।



ਇਹਨਾਂ ਲੋਕਾਂ ਵਿੱਚ ਵਿਚਰਦਿਆਂ ਉਸਨੇ ਮਹਿਸੂਸ ਕੀਤਾ ਕਿ ਬਹੁਤ ਸਾਰੇ ਲੋਕਾਂ ਦੀ ਆਰਥਿਕ ਮੰਦਹਾਲੀ ਦਾ ਕਾਰਣ ਨਸ਼ਾ ਹੈ । ਅਜੋਕੇ ਸਮਾਜ ਵਿੱਚ ਬਹੁਤ ਸਾਰੇ ਲੋਕ ਨਸ਼ਿਆਂ ਵਿੱਚ ਗਲਤਾਨ ਹਨ । ਨਸ਼ਈ ਹੋਣ ਕਾਰਣ ਕੋਈ ਕੰਮ ਕਾਰ ਨਹੀਂ ਕਰਦੇ ਜਾਂ ਥੋੜ੍ਹਾ ਬਹੁਤ ਕਰਦੇ ਹਨ ਤਾਂ ਉਹਨਾਂ ਪੈਸਿਆਂ ਨਾਲ ਆਪਣੇ ਨਸ਼ੇ ਦੀ ਪੂਰਤੀ ਕਰਦੇ ਹਨ । ਉਹ ਆਪਣੇ ਪਰਿਵਾਰ ਅਤੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ । ਘਰ ਵਿੱਚ ਔਰਤਾਂ ਦੀ ਕੁੱਟ-ਮਾਰ ਕਰਦੇ ਹਨ । ਬੱਚੇ ਗਰੀਬੀ ਕਾਰਣ ਰੁਲ ਜਾਂਦੇ ਹਨ । ਆਪਣੇ ਨਸ਼ੇ ਦੇ ਝੱਸ ਨੂੰ ਪੂਰਾ ਕਰਨ ਲਈ ਚੋਰੀਆਂ ਕਰਨ ਤੋਂ ਇਲਾਵਾ ਹੋਰ ਵੀ ਕਾਫੀ ਹੱਦ ਤੱਕ ਗਿਰ ਜਾਂਦੇ ਹਨ । ਇਸ ਨਸ਼ੇ ਦੀ ਲਾਹਨਤ ਤੋਂ ਸਮਾਜ ਨੂੰ ਬਚਾਉਣ ਲਈ ਉਸ ਨੇ ਆਪਣੇ ਭਰਾ ਪਲਵਿੰਦਰ ਸਿੰਘ ਸੰਧੂ ਨੂੰ ਪ੍ਰੇਰਿਆ ।







ਪਲਵਿੰਦਰ ਸਿੰਘ ਸੰਧੂ ਨੇ ਆਪਣੀ ਭੈਣ ਦੀ ਪ੍ਰੇਰਣਾ ਸਦਕਾ ਸੰਧੂ ਐਸੋਸੀਏਸ਼ਨ ਨਾਂ ਦੀ ਸੰਸਥਾ ਬਣਾਈ ਅਤੇ ਇਸ ਦੀ ਰਹਿਨੁਮਾਈ ਹੇਠ 'ਨਿਊ ਹੋਪ ਨਸ਼ਾ ਛਡਾਊ ਕੇਂਦਰ' ਸ਼ੁਰੂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਵਿੱਚੋਂ ਕੱਢਣ ਦਾ ਸੰਘਰਸ਼ ਆਰੰਭ ਕੀਤਾ। ਉਹ ਪਿੰਡਾਂ, ਸ਼ਹਿਰਾਂ ਅਤੇ ਗਲੀਆਂ, ਮੁਹੱਲਿਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੀ ਅਸਲੀਅਤ ਤੋਂ ਜਾਣੂ ਕਰਵਾ ਰਿਹਾ ਹੈ। ਉਸਨੇ ਨਸ਼ਿਆਂ ਅਤੇ ਜੀਵਨ ਜਾਚ ਦੇ ਸਬੰਧ ਵਿੱਚ ਧਾਰਮਿਕ ਕਲਾਸਾਂ, ਸਭਿਆਚਾਰ ਪ੍ਰੋਗਰਾਮ, ਕੈਂਪ, ਸੈਮੀਨਰ ਅਤੇ ਪੈਦਲ ਮਾਰਚ ਪਿੰਡਾਂ, ਸ਼ਹਿਰਾਂ ਅਤੇ ਗਲੀਆਂ, ਮੁਹੱਲਿਆਂ ਵਿੱਚ ਸ਼ੁਰੂ ਕੀਤੇ ਹਨ। ਉਹ ਇਹਨਾਂ ਰਾਹੀਂ ਹਰ ਵਰਗ ਨੂੰ ਸੁਚੇਤ ਕਰ ਰਿਹਾ ਹੈ ਕਿ ਨਸ਼ਾ ਮਾੜਾ ਹੈ।





ਉਹ ਨਸ਼ਈ ਨੌਜਵਾਨਾਂ ਨੂੰ ਉਹਨਾਂ ਦੇ ਘਰਵਾਲਿਆਂ ਦੀ ਮਰਜ਼ੀ ਨਾਲ ਆਪਣੇ ਨਿਊ ਹੋਪ ਨਸ਼ਾ ਛਡਾਊ ਕੇਂਦਰ ਵਿੱਚ ਦਾਖ਼ਲ ਕਰਕੇ ਉਹਨਾਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ, ਧਾਰਮਿਕਤਾ ਅਤੇ ਸਭਿਆਚਾਰਕ ਸਾਂਝ ਪੈਦਾ ਕਰ ਰਿਹਾ ਹੈ। ਜੋ ਨੌਜਵਾਨ ਨਸ਼ੇ ਵਿੱਚ ਗਰਕ ਹੋ ਕੇ ਜੀਣ ਦੀ ਉਮੀਦ ਛੱਡ ਚੁੱਕੇ ਹਨ, ਉਹਨਾਂ ਅੰਦਰ ਜੀਣ ਦੀ ਨਵੀਂ ਉਮੀਦ ਪੈਦਾ ਕਰ ਰਿਹਾ ਹੈ। ਉਹ ਨਸ਼ਈ ਨੌਜਵਾਨਾਂ ਦਾ ਮਾਰਗ ਦਰਸ਼ਨ ਕਰਕੇ ਸਿੱਧੇ ਰਾਹ ਪਾ ਰਿਹਾ ਹੈ। ਉਹ ਉਹਨਾਂ ਦਾ ਮਾਨਸਿਕ ਪੱਧਰ ਉੱਚਾ ਚੁੱਕ ਕੇ ਉਹਨਾਂ ਵਿੱਚ ਇੱਕ ਨਵੀਂ ਸੋਚ ਪੈਦਾ ਕਰ ਰਿਹਾ ਹੈ। ਉਸਨੇ ਆਪਣੇ ਸੈਂਟਰ ਵਿੱਚ ਘਰ ਪਰਿਵਾਰ ਵਰਗਾ ਮਾਹੌਲ ਸਿਰਜਿਆ ਹੋਇਆ ਹੈ, ਸਾਰੇ ਇਕਜੁੱਟ ਹੋ ਕੇ ਰਹਿ ਰਹੇ ਹਨ। ਉਹਨਾਂ ਵਿੱਚ ਅਧਿਆਤਮਵਾਦ ਪੈਦਾ ਕਰਕੇ ਪ੍ਰਮਾਤਮਾ ਨਾਲ ਜੋੜ ਰਿਹਾ ਹੈ। ਆਪਣੇ ਸੈਂਟਰ ਵਿੱਚ ਖੇਡਾਂ ਅਤੇ ਯੋਗ ਨਾਲ ਇਹਨਾਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਅਤੇ ਪੈਰਾਂ ਤੇ ਖਲੋਣ ਦੀ ਜਾਚ ਸਿਖਾ ਰਿਹਾ ਹੈ। ਪੁਲੀਸ ਅਤੇ ਪ੍ਰਸ਼ਾਸਨ ਨੂੰ ਵੀ ਉਹ ਪੂਰਾ ਸਹਿਯੋਗ ਦੇ ਰਿਹਾ ਹੈ। ਇਸ ਤੋਂ ਇਲਾਵਾ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾ ਰਿਹਾ ਹੈ। ਸਮੇਂ ਸਮੇਂ ਵੀ









ਮੈਡੀਕਲ ਕੈਂਪ ਅਤੇ ਖੂਨ ਦਾਨ ਕੈਂਪ ਵੀ ਲਗਾ ਰਿਹਾ ਹੈ । ਨਸ਼ਾ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੀ ਪਲਵਿੰਦਰ ਸਿੰਘ ਸੰਧੂ ਦਾ ਮੁੱਖ ਮੰਤਵ ਹੈ ।





ਦੋਨੋਂ ਭੈਣ, ਭਰਾ ਇਕਜੁੱਟ ਹੋ ਕੇ ਨਿਸ਼ਕਾਮ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਰੁੱਝੇ ਹੋਏ ਹਨ । ਰੁਪਿੰਦਰ ਕੌਰ ਸੰਧੂ ਕੈਪਟਨ ਗੁਰਦੀਪ ਸਿੰਘ ਮੈਮੋਰੀਅਲ ਟਰੱਸਟ ਨਾਲ ਗਰੀਬ, ਬੇ-ਸਹਾਰਾ, ਲਾਚਾਰ ਲੋਕਾਂ ਦਾ ਜੀਵਣ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੈ । ਉਹ ਗਲੀਆਂ, ਮੁਹੱਲਿਆਂ, ਪਿੰਡਾਂ ਵਿੱਚ ਜਾ ਕੇ ਉੱਥੋਂ ਦੀਆਂ ਬੇਰੁਜ਼ਗਾਰ ਔਰਤਾਂ ਨੂੰ ਸਿਲਾਈ ਕਢਾਈ, ਰੰਗਾਈ, ਮੋਮਬੱਤੀਆਂ ਬਨਾਉਣੀਆਂ ਆਦਿ ਹੱਥੀਂ ਕਿਰਤ ਕਰਨੀ ਸਿਖਾ ਰਹੀ ਹੈ । ਅਨਪੜ੍ਹ ਔਰਤਾਂ ਅਤੇ ਬੱਚਿਆਂ ਨੂੰ ਮੁਫ਼ਤ ਪੜ੍ਹਾ ਕੇ ਚੰਗਾ ਭਵਿੱਖ ਅਤੇ ਨਿਡਰ ਜੀਵਨ ਜੀਣ ਦਾ ਢੰਗ ਦੱਸ ਰਹੀ ਹੈ । ਪਲਵਿੰਦਰ ਸਿੰਘ ਸੰਧੂ 'ਨਿਊ ਹੋਪ ਨਸ਼ਾ ਛਡਾਊ ਕੇਂਦਰ' ਨਾਲ ਨੌਜਵਾਨਾਂ ਨੂੰ ਨਸ਼ਾ ਰਹਿਤ ਕਰਕੇ ਉਹਨਾਂ ਨੂੰ ਘਰ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾ ਰਿਹਾ ਹੈ । ਉਹ ਆਪਣੇ ਆਲੇ-ਦੁਆਲੇ ਨਸ਼ਾ ਰਹਿਤ ਅਤੇ ਨਰੋਇਆ ਸਮਾਜ ਸਿਰਜ ਰਿਹਾ ਹੈ । ਆਸ ਕਰਦੇ ਹਾਂ ਕਿ ਇਹ ਦੋਵੇਂ ਭੈਣ, ਭਰਾ ਇਸੇ ਤਰ੍ਹਾਂ ਨਿਰੰਤਰ ਲੋਕ ਸੇਵਾ ਵਿੱਚ ਲੱਗੇ ਰਹਿਣ ਅਤੇ ਆਪਣੇ ਮਿਸ਼ਨ ਬੇ-ਸਹਾਰਾ, ਗਰੀਬ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਕਰਨ ਵਿੱਚ ਕਾਮਯਾਬ ਹੋਣ । ਮਾਨਵਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ । ਪ੍ਰਮਾਤਮਾ ਇਹਨਾਂ ਨੂੰ ਬੱਲ ਬਖਸ਼ੇ ।













-ਗੁਰਵਿੰਦਰ ਸਿੰਘ ਸ਼ਾਂਤ

ਪ੍ਰਕਾਸ਼ਕ

In the age of modernity human values have been shorten and reduced. Everyone is engaged and engrossed in his her blind race to earn more and more money. None has any care for that what is happening, occuring or taking place in the neighbourhood, locality and surrounding society. The kinship, relationship affinity and alliance are going to be cracking, fissuring, fracturing and splitting. There is no any human to hear and watch common person's pains or woes. Poor are spending there life full of baseness, disgrace, indignity and insult.




There some rare souls, spirits, essences or lives, "who are to help or distribue others woes and pangs. Respeted Rupinder Kaur Sandhu is also one of them, who slected and made ideal to her grandfather 'Captain Gurdeep Singh Sandhu Ji ? Since her childhood she has very much feeling, desire, fury, emotion and parson to serve the poor people. Although her domestic and personal circumstances facts and particulars are the best and her ecnomic condition is very safe and sound, yet she has been engaging alone fearlessly to serve the poor people in the backward jurisdiction.



Nea-a-days she is serving the people on behalf of Captain Gurdeep Singh memorial trust. She motivates to the poorest people for self-employment. Who are spending their life as a hell [illegible] the backward juridictions. For uplifting the woman species or section she is giving the many kinds of traing to the women to do handy works and remove or end their poverty. She is making her very good attempts, efforts and endeavours to illuminate the distress, neglected, trampled, ignored and uncared future of the country (children) of the villages streets and localities. She is giving free-education to the small children of the poor people and serving them free food also. She is making them alert, attentive, careful, conscious, vigilant and wakeful for the civil life.





Strolling, loitering and wandering about among the people she has felt and known that the reason of the bad economical condition of the people is only and one intoxication. Many people often are absorbed intoxicants the present society. Because they are addicted to intoxicants they do not do any job or work. If they do, then they do very less only to get money for their intoxicants. They are frivoling and trifling to their family, children and future. They beat, drub, pound and thrash at their homes. Their children remain uncared, neglected and trampled because of their poverty, humility,





penury, meekness and wants to fullfill their evil-habit, addiction and craving of intoxicants they often commit theft and burgle and instead of these said evils they come down too low to describe. Saving society from the evil of intoxication. She inspired, urged, motivated, encouraged and instigated his younger and dear brother Palwinder Singh Sandhu at every moment.






Palwinder Singh Sandhu has constructed 'Sandhu Association' or cocil due to the insipiration of his sister and under her guidance he started 'NEW HOPE De-Intoxication Center' and started a struggle to save the drug addicted youngmen from intoxicants. He goes to the villages, cities, localities and streets to give knowledge and awareness to the youngmen against stimulation or inebriation. He launched religious pious and spiritual classes, cultural programme, camp, saminar and footmarch in villages and cities to alert the society against intoxication and giving good life-style or way of life to youngmen.





He admits, the intoxicating youngmen in his 'NEW HOPE De-Intoxication Center' with the assent or pleasure of their parents and enlightens in their heart enthusiasm zeal and exertion for games, sports, religion and culture. Youngmen who have left the hope to live, Mr. Sandhu is creating, generating, producing or growing hope for them to live new life. He is giving guidance to the intoxicating youngmen and putting or setting them on the right path of life. He is uplifting their mental level and growing a new anxiety contemplation, consideration and











reflection among them. He has created invented and produced home-like atmosphere and surrounding in his 'NEW HOPE De-Intoxication Center'. All are living there unified, united, unanimous and of one accord originating spiritual spirit in them he is assembling, connecting and unifying them to almighty. In his center he is making them fit physically and mentally and guiding them to stand on their feet and try to make infdipendent. He is giving and offering his full co-operation to the administration and police. Besides that he is planting more and more tress to save the atmosphere or surrounging to be polluted. He is arranging for free medical camp and blood donating camp to librate and create de-intoxicating society is his main motive or goal.





Both the sister and the brother are busy engaged and engrossed twenty-four hours unitedly in the altruistic, selfless and unselfish service of the people. Respected Rupinder Kaur Sandhu on the behalf of Captain Gurdeep Singh Sandhu Memorial Trust is making attempts to uplift the living standard, level or status of the poor, helpless unsupported or forlorn people. She is inparting coaching or traing to the unemployed women for sewing, stitching tailoring, embroidery, dying, colouring, painting and making wax candles etc professions and to work with their own hands. She is giving free education and living style traing to the illiterate or uneducated women and children to spend better life in future.



Palwinder Singh Sandhu on the behalf of 'NEW HOPE De-Itoxication Center' doing his duty to make chiefly especially or particularly to the society de-intoxicating and make them alert, alive, careful, cautious, conscientious, wakeful and watchful about their duties towards socity. He is creating for the new society having healthy thoughts and without intoxication people. We hope that both the sister and brother set to serve people in the same zeal and way continuously and incessantly and may succeed to make society without intoxication and having the people best standard of living in life.The service of humanity is the best and grand service. May almighty bertow them potency and vigour.



– Gurvinder Singh Shant
Publisher & Printer



ਨਸ਼ਿਆਂ ਦੀ ਲਾਹਨਤ ਸਾਡੇ ਸਮਾਜ ਵਿੱਚ ਅੱਗ ਦੀ ਤਰ੍ਹਾਂ ਫੈਲ ਰਹੀ ਹੈ। ਜਿਹੜਾ ਨਸ਼ਾ ਕਰਦਾ ਹੈ ਉਹ ਮੌਤ ਨੂੰ ਤਾਂ ਗਲੇ ਲਾਉਂਦਾ ਹੀ ਹੈ ਨਾਲ ਹੀ ਆਪਣੇ ਘਰ ਵਾਲਿਆਂ ਦੀ ਜ਼ਿੰਦਗੀ ਵੀ ਨਰਕ ਬਣਾ ਦਿੰਦਾ ਹੈ। ਕੁਝ ਸਰਵੇ ਕਰਵਾਏ ਗਏ ਜਿਸ ਨਾਲ ਪਤਾ ਚਲਿਆ ਕਿ 17 ਤੋਂ 60 ਸਾਲ ਦੇ ਲੋਕਾਂ ਦੇ ਵਿਚੋਂ 65% ਲੋਕ ਨਸ਼ੇ ਦਾ ਸੇਵਨ ਕਰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸਾਡਾ ਸਮਾਜ ਅੱਜ ਬਹੁਤ ਕਮਜ਼ੋਰ ਹੋ ਚੁੱਕਾ ਹੈ। ਇਸ ਬਿਮਾਰੀ ਤੋਂ ਲੜਨ ਵਾਸਤੇ ਸਾਡਾ ਪ੍ਰਦੇਸ ਇੱਕ ਬੜੇ ਖਤਰਨਾਕ ਮੋੜ 'ਤੇ ਆ ਖਲੋਤਾ ਹੈ। ਅਗਰ ਅਸੀਂ ਨਸ਼ਿਆਂ 'ਤੇ ਕਾਬੂ ਨਾ ਪਾਇਆ ਤਾਂ ਨਸ਼ੇ ਸਾਨੂੰ ਨਿਗਲ ਜਾਣਗੇ। ਮੈਂ ਇੱਕ ਫਿਲਮ ਬਣਾਈ ਸੀ ਨਸ਼ਿਆਂ ਦੇ ਉੱਪਰ ਜਿਹਦੇ ਵਿੱਚ ਇੱਕ ਨਸ਼ੇੜੀਏ ਨੇ ਕਿਹਾ ਸੀ ਕਿ ਨਸ਼ਾ ਕਰਨ ਵਾਲੇ ਨੂੰ ਮੌਤ ਦਾ ਇੰਜੈਕਸ਼ਨ ਲਗਾ ਦਿਉ ਤੇ ਵੇਚਣ ਵਾਲੇ ਨੂੰ ਚੁਰਾਹੇ ਵਿੱਚ ਖੜ੍ਹਾ ਕਰਕੇ ਗੋਲੀ ਮਾਰ ਦਿਉ। ਨਸ਼ੇੜੀਏ ਦੀ ਮਾਂ ਕਹਿੰਦੀ ਹੈ ਕਿ ਇਹ ਮਰ ਜਾਵੇ ਤਾਂ ਬਹੁਤ ਚੰਗਾ ਹੈ। ਅੱਜ ਵਕਤ ਆ ਗਿਆ ਹੈ ਕਿ ਸਮਾਜ ਨੂੰ ਇੱਕਠੇ ਹੋ ਕੇ ਇਸ ਲਾਹਨਤ ਨਾਲ ਲੜਨਾ ਪਵੇਗਾ। ਪ੍ਰਸ਼ਾਸਨ ਨੂੰ ਇਮਾਨਦਾਰੀ ਨਾਲ ਨਸ਼ਾ ਵੇਚਣ ਵਾਲਿਆਂ ਨੂੰ ਕਾਬੂ ਕਰਨਾ ਪਵੇਗਾ।

ਮੇਰਾ ਇਹ ਵੀ ਮੰਨਣਾ ਹੈ ਕਿ ਹਰ ਇਲਾਕੇ ਦੇ ਵਿੱਚ ਸੰਸਥਾਵਾਂ ਬਣਨ ਤੇ ਜਿਸ ਘਰ ਦੇ ਵਿੱਚ ਇਹ ਲਾਹਨਤ ਆ ਜਾਵੇ ਸਾਰੇ ਰਲ ਕੇ ਇਸ ਬਿਮਾਰੀ ਨਾਲ ਲੜਨ। ਸਾਡੇ ਆਪਣੇ ਸ਼ਹਿਰ ਅੰਮ੍ਰਿਤਸਰ ਦੇ ਵਿੱਚ ਪੰਜ ਜਗ੍ਹਾ ਇਸ ਤਰ੍ਹਾਂ ਦੀਆਂ ਹਨ। ਜਿੱਥੇ ਨਸ਼ਾ ਵੇਚਿਆ ਤੇ ਇਸ ਦਾ ਸੇਵਨ ਕੀਤਾ ਜਾਂਦਾ ਹੈ । ਜਿਨ੍ਹਾਂ ਵਿੱਚੋਂ ਮਕਬੂਲਪੁਰਾ ਇਕ ਹੈ। ਇਕ ਸਰਵੇ ਦੇ ਮੁਤਾਬਕ ਇੱਥੇ 150 ਤੋਂ ਜ਼ਿਆਦਾ ਪਰਿਵਾਰਾਂ ਤੇ ਇਸ ਦਾ ਅਸਰ ਪਿਆ ਹੈ। ਇਥੇ ਇੱਕ ਔਰਤ ਨੇ ਆਪਣੇ 7 ਬੇਟੇ ਨਸ਼ੇ ਦੀ ਭੇਂਟ ਚੜ੍ਹਾ ਦਿੱਤੇ ਹਨ। 1999 ਦੇ ਵਿੱਚ ਐਸ.ਐਸ.ਪੀ. ਅੰਮ੍ਰਿਤਸਰ ਮਿਸਟਰ ਸਹੋਤਾ ਅਤੇ ਮਾਸਟਰ ਅਜੀਤ ਸਿੰਘ ਜਿਹੜੇ ਕਿ ਸਰਕਾਰੀ ਅਧਿਆਪਕ ਹਨ ਤੇ ਇਸੇ ਇਲਾਕੇ ਦੇ ਹਨ ਨੇ ਇੱਕ ਨਸ਼ਾ ਵਿਰੋਧੀ ਸੋਸਾਇਟੀ ਬਣਾਈ। ਇਹ ਕਹਾਣੀ ਪੜ੍ਹ ਕੇ ਮੈਂ ਮਾਸਟਰ ਜੀ ਦੇ ਨਾਲ ਰਲ ਕੇ ਜਿਹੜੇ ਬੱਚਿਆਂ ਦੇ ਪਰਿਵਾਰ ਨਸ਼ੇ ਦੀ ਲਾਹਨਤ ਤੋਂ ਪ੍ਰਭਾਵਿਤ ਸਨ ਅਸੀਂ ਉਹਨਾਂ ਦੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਅੱਜ ਸਾਡੇ ਸਕੂਲ ਦੇ ਵਿੱਚ ਤਕਰੀਬਨ 400 ਬੱਚੇ ਪੜ੍ਹਦੇ ਹਨ। ਮੈਂ ਫਿਰ ਇਕ ਵਾਰੀ ਲੋਕਾਂ ਨੂੰ ਤੇ ਸਮਾਜ ਨੂੰ ਅਪੀਲ ਕਰਨਾ ਚਾਹਵਾਂਗਾ ਕੇ ਸਰਕਾਰ ਵੱਲ ਨਾ ਦੇਖਦੇ ਹੋਏ ਅਸੀਂ ਸਾਰੇ ਇੱਕਠੇ ਹੋ ਕੇ ਇਸ ਲਾਹਨਤ ਦੇ ਵਿਰੁੱਧ ਹਮਲਾ ਮਾਰੀਏ ਨਹੀਂ ਤਾਂ ਨਸ਼ਾ ਇਕ ਨਾ ਇਕ ਦਿਨ ਸਾਨੂੰ ਸਾਰਿਆਂ ਨੂੰ ਨਿਗਲ ਜਾਵੇਗਾ।

– ਬ੍ਰਿਜ ਬੇਦੀ

The bad-haibit or evil of intoxicating is spreading or expanding like wild fire. The person, who is addicted intoxicating, he embraces or hugs death. He also makes life of their parents or family members hell. Some surveys have caused to be done, from them we come to known that from 17 to 60 years persons there are 65% persons addicted to intoxication. It is also said that our society has become very weak due to intoxication. To struggle against this vice and bad-habit or evil our state has reached on the very critical, danderous, risky and hazardous carve, bend and at the turning point. If we do not check, over come, size, subjugate and vanquish on intoxication. Then intoxications or drugs will gulp, guzzle, embezzle or swallow us. I prepared a film on the subject of intoxication and in this film an intoxicating person has told that intoxicanting person of should be injected on inoculated an injection or inoculation of death and the seller of the intoxicants should hit or shot in the crossing. The mother of intoxicating person or the addicted to the drugs often said, "why be not die. It will way good if he dies. Now the time has arrived or come that the Indian society has to struggle against this evil or bad habit unitedly or collectively. Administration should arrest honestly to the seller of intoxicants or intoxicating material.

I also accept that in every affinity, connexion, circle, territory, division or juridiction, division or juridiction institutions should be set De-Intoxication Center and the very home where there this evil, bad-habit or scolding enters all should struggle against jointly. In our own city in Amritsar, there are five places like this, where intoxicants, intoxicating-marerial or drugs are sold and taken. Among them one is Maqboolpura. According to one survey there has affected of intoxication and drugs on more than 150 family. There is a woman who has her 7 sons offered a victim for intoxication. In 1999 Mr. Sahota (S.S.P.) Amritsar and Master Ajit Singh, who was the teacher in Govt. School set a soceity against intoxication. After reading their story I also associated to Master Ji and made our efforts against the intoxication and started a school to teach children of intoxication-victims. Today there read approximately 400 children in our school. Once again I want to make a humble and meek appeal to the people and the society that we should not watch towards the governement only, let us we all collectively fight and struggle against this mortal evil and curse, otherwise one day this demon or devil of evil will gulp, guzzle, embezzle or swallow all of us.

- Brij Bedi



यह जरुर समझते और सोचते भी नहीं आज का मनुष्य क्यों इस और डुबता जाता है । भारत नहीं दुनियाँ का हर देश इस में लिपत हो जाता है । परन्तु हर देश में कोई ना कोई इस अभीशाप को मिटाने के लिये लगा हुआ है । इसे आप भगवान या खुदा का रूप भी कह सकते हैं । क्योंकि भगवान ने हमें इन्सान बनाया है ना कि जानवर । क्योंकि आप जानते हैं नशा मनुष्य को जानवर बना देता है इस में आप को भले अथवा बुरे का ज्ञान नहीं रहता । वह तो जानवर से भी बुरा बन [illegible] । जानवर तो फिर भी किसी समय प्यार करता है परन्तु नशावन मनुष्य को तो कुछ [illegible] नहीं लगता । इसी लिये ज्ञानवान नशे से परे रहता है । हमारे वेदों, शस्त्र और धर्मिक पुस्तकों में नशे को अभीशाप बताया गया है । हमारे शहर में एक अैसा ही देवता समान व्यक्ति पलविंद्र सिंह संधू नशे के विरुध लड़ रहा है । वह अ[illegible]ा केन्द्र कार्य न्यू होप सेन्टर के नाम से चला जा रहा है । जिन्हों ने यह लक्षय उठाया है इस कोड़ को खत्म कर के [illegible] छोड़ेंगे इस सेन्टर में गणमानय व्यक्ति जो कि हर समय यहाँ पर ऐसे व्यक्तियों की देख रेख करते रहते हैं, यहाँ का प्रबन्ध सभी मेहन्त से कार्य कर रहे हैं । भगवान इन सभी ज्ञमाते दे अपने लक्षय को पुरा करने की देखभाल दें ।

डा. अमृत शनिल चोपड़ा

B.I.M.S., P.G.S. (New Delhi), M.R.S.H. U.K.

Fellowship Punjab University, Lahore

No body under stand and think why the man of today is drowning, submerging, going down or to be rwing not only India but every country of the world is coming in the coil encircling and whirl of the intoxication. But in every country some are busy, engaged or engrossed to blot out, to destroy, to expunge, to efface, to rub, to erase or to wipe out this curse. That may be called the supreme being, God, Lord, Master or the face, form, fiure, appearance, countenance and mode of the God. Because God has made us human not animal or beast. When some one is to be intoxicated has not any awareness about goodness or evil. Intoxicated person is worse than animal or beast animal or a beast loves anytime but the intoxicating person does not like anything without intoxication. Therefore animals or beasts remain farther from the intoxication or drug, Our veds and shashtaras curse, slander, defame, censure, depreate, reile, blaspheme, denounce or condemn intoxication. In our city an angel like person named Palwinder Singh Sandhu has been struggling against intoxication. He is running 'NEW HOPE De-Intoxication Center'. He has taken pledge, oath and vow to abolish this evil or leprosy. In this center the responsible persons always care for the intoxicating persons or addicters of intoxication. All team members are working very hard for the goodness of the people. May God bless them with all virtues to do their duties to fullfill this tedious job.

Dr. Amrit Shinal Chpora
B.I.M.S., P.G.S. (New Delhi)
M.R.S.H. U.K.
Fellowship Punjab University, Lahore.



Avoid Drugs, as it not only kills a human being but also the whole family. In other words it destroys all the nation being a doctor I want the drug free nation and I advice :

**"Do all the good you can**
**In all the places you can**
**In all the ways you can**
**At all the times you can**
**To all the people you can**
**As long as ever you can."**

To achieve a drug free nation. Remember a drop of water that falls on a hot frying pan will vanish in no time, completely losing its form and substance; but when it falls on a lotus leaf, it shines like a pearl for a moment or two, but then it falls down and vanishes when its lotus base is shaken. Only that drop of water that kinds its way into the mouth of an oyster, will indeed become a real pearl and shine lustrously for ever.

So be a drop of water and become a pearl not the drug addicted. Because drugs like smack, heroin, cigarette etc. Kills rout only a person but also his family and nation. So, come join hands with us to become a drug free nation. I am proud of the 'New Hope Drug Counselling & Rehabilitation Center'.

**Dr. MUNISH KHANNA**
M.D. (Gold Medalist)
M. 9988174817

ਨਸ਼ਿਆਂ ਤੋਂ ਪ੍ਰਹੇਜ਼ ਕਰੋ, ਕਿਉਂਕਿ ਨਸ਼ੇ ਸਿਰਫ ਮਨੁੱਖ ਨੂੰ ਹੀ ਨਹੀਂ ਮਾਰਦੇ ਹਨ, ਸਗੋਂ ਇਹ ਤਾਂ ਨਸ਼ੱਈ ਮਨੁੱਖ ਦੇ ਸਾਰੇ ਟੱਬਰ ਅੱਥਵਾ ਪਰਿਵਾਰ ਨੂੰ ਵੀ ਮਾਰ ਦਿੰਦੇ ਹਨ । ਦੂਸਰੇ ਸ਼ਬਦਾਂ ਵਿੱਚ ਇਹ ਸਮੁੱਚੀ ਕੌਮ ਨੂੰ ਹੀ ਮਾਰ ਦਿੰਦੇ ਹਨ । ਇੱਕ ਡਾਕਟਰ ਹੋਣ ਕਰਕੇ ਮੈਂ ਭਾਰਤੀ ਕੌਮ ਨੂੰ ਨਸ਼ਾ ਮੁਕਤ ਕੌਮ ਦੇ ਰੂਪ ਵਿੱਚ ਵੇਖਣਾ ਚਾਹੁੰਦਾ ਹਾਂ । ਮੈਂ ਸਿੱਖਿਆ ਦੇਣੀ ਚਾਹੁੰਦਾ ਹਾਂ :

ਜਿੰਨੀ ਵੀ ਚੰਗਿਆਈ ਕਰ ਸਕਦੇ ਹੋ ਕਰੋ ।
ਚੰਗਿਆਈ ਸਾਰੀਆਂ ਥਾਂਵਾਂ ਤੇ ਕਰੋ ।
ਚੰਗਿਆਈ ਵੀ ਸਾਰਿਆਂ ਤਰੀਕਿਆਂ ਨਾਲ ਕਰੋ ।
ਚੰਗਿਆਈ ਹਰ ਵੇਲੇ ਕਰੋ ।
ਚੰਗਿਆਈ ਸਭ ਲੋਕਾਂ ਨਾਲ ਕਰੋ ।

ਨਸ਼ਾ ਮੁਕਤ ਸਮਾਜ ਦੀ ਪ੍ਰਾਪਤੀ ਕਰੋ । ਯਾਦ ਰੱਖੋ ਇੱਕ ਬੂੰਦ ਪਾਣੀ ਜਿਹੜੀ ਕਿ ਤਪਦੀ ਕੜਾਹੀ ਵਿੱਚ ਡਿੱਗਦੀ ਹੈ, ਬੜੀ ਛੇਤੀ ਅਲੋਪ ਹੋ ਜਾਵੇਗੀ । ਉਸਦਾ ਨਾਂ ਨਿਸ਼ਾਨ ਵੀ ਨਹੀਂ ਰਹਿ ਜਾਵੇਗਾ ਅਤੇ ਨਾ ਹੀ ਉਸਦਾ ਕੋਈ ਤੱਤ ਬਚੇਗਾ । ਪਰ ਜਦੋਂ ਇਹੋ ਹੀ ਪਾਣੀ ਦੀ ਬੂੰਦ ਕਮਲ ਦੇ ਫੁੱਲ ਦੀ ਪੱਤੀ ਉੱਪਰ ਪੈਂਦੀ ਹੈ ਤਾਂ ਇਹ ਪਾਣੀ ਦੀ ਬੂੰਦ ਇਕ ਦੋ ਘੜੀ ਲਈ ਚਮਕਦੀ ਅਤੇ ਲਿਸ਼ਕਦੀ ਹੈ । ਫਿਰ ਜਦੋਂ ਕਮਲ ਦਾ ਫੁੱਲ ਹਿਲਦਾ ਹੈ ਤਾਂ ਇਹ ਬੂੰਦ ਪੱਤੀ ਤੋਂ ਹੇਠਾਂ ਡਿੱਗ ਪੈਂਦੀ ਹੈ । ਸਿਰਫ ਇਸ ਪ੍ਰਕਾਰ ਦੀ ਪਾਣੀ ਦੀ ਬੂੰਦ ਹੀ ਸਿੱਪੀ ਅੱਥਵਾ ਘੋਗੇ ਦੇ ਮੂੰਹ ਵਿੱਚ ਡਿੱਗਦੀ ਹੈ, ਤਾਂ ਸੱਚਮੁੱਚ ਹੀ ਅਸਲੀ ਮੋਤੀ ਬਣ ਜਾਂਦੀ ਹੈ ਅਤੇ ਫਿਰ ਸਦਾ ਲਈ ਚਮਕਣਹਾਰੀ ਬਣ ਜਾਂਦੀ ਹੈ । ਇਸ ਲਈ ਤੁਸੀਂ ਪਾਣੀ ਦੀ ਬੂੰਦ ਬਣੋ ਅਤੇ ਮੋਤੀ ਦਾ ਰੂਪ ਧਾਰੋ ਨਾ ਕਿ ਨਸ਼ਿਆਂ ਦੇ ਆਦੀ ਬਣੋ । ਕਿਉਂਕਿ ਸਮੈਕ, ਹੈਰੋਇਨ, ਸਿਗਰਟ ਆਦਿ ਨਸ਼ੇ ਇੱਕਲੇ ਨੱਸ਼ਈ ਮਨੁੱਖ ਨੂੰ ਹੀ ਨਹੀਂ ਮਾਰਦੇ ਹਨ ਸਗੋਂ ਪੂਰੇ ਪਰਿਵਾਰ ਅਤੇ ਪੂਰੀ ਕੌਮ ਨੂੰ ਹੀ ਮਾਰ ਦਿੰਦੇ ਹਨ । ਇਸ ਲਈ ਆਉ ! ਭਾਰਤ ਦੀ ਕੌਮ ਨੂੰ ਨਸ਼ਿਆਂ ਤੋਂ ਮੁਕਤ ਕੌਮ ਬਣਾਉਣ ਲਈ ਸਾਡਾ ਹੱਥ ਵਟਾਓ ਅਤੇ ਖੁੱਲ੍ਹ ਕੇ ਸਾਡਾ ਸਾਥ ਦਿਓ ।

# ਨਿਊ ਹੋਪ ਨਸ਼ਾ ਛਡਾਊ ਕੇਂਦਰ ਦੀਆਂ ਝਲਕੀਆਂ

# Gleams and Twinkles/Glimpses of 'New Hope De-Intoxication Center'



## ਨਸ਼ਾ ਤੇ ਨਸ਼ੇੜੀ

ਨਸ਼ਾ ਮਾੜਾ ਹੈ ਸਮਾਜ ਲਈ, ਨਸ਼ੇੜੀ ਮਾੜਾ ਹੈ ਸਾਡੇ ਘਰ ਲਈ ਮੁਹੱਲੇ ਲਈ, ਦੋਵੇਂ ਹੀ ਸਮਾਜ ਲਈ ਖਤਰਾ ਹਨ । ਨਸ਼ੇ ਨੂੰ ਖਤਮ ਕਰ ਸਕਦੀ ਹੈ ਪੁਲੀਸ ਅਤੇ ਨਸ਼ੇੜੀ ਦੇ ਨਸ਼ੇ ਨੂੰ ਖਤਮ ਕਰ ਸਕਦਾ ਹੈ ਇਲਾਜ ਅਤੇ ਅਸੀਂ ਸਾਰੇ ਰਲ-ਮਿਲ ਕੇ । ਵੈਸੇ ਦੇਖਿਆ ਜਾਵੇ ਤੇ ਹਰ ਇਕ ਵਿਅਕਤੀ ਕੋਈ ਨਾ ਕੋਈ ਨਸ਼ਾ ਜ਼ਰੂਰ ਕਰ ਰਿਹਾ ਹੁੰਦਾ ਹੈ । ਕਿਸੇ ਨੂੰ ਖਾਣ ਦਾ, ਹੁਸਨ ਦਾ, ਪੈਸੇ ਦਾ, ਕੁਰਸੀ ਦਾ, ਤਾਕਤ ਦਾ ਉਸ ਤਰ੍ਹਾਂ ਮੈਨੂੰ ਵੀ ਇਕ ਨਸ਼ਾ ਹੈ ਨਸ਼ੇੜੀ ਨੂੰ ਠੀਕ ਕਰਨ ਦਾ, ਉਸ ਬਾਰੇ ਜਾਨਣ ਦਾ । ਇਕ ਨਸ਼ੇੜੀ ਖਰਾਬ ਕਰਦਾ ਹੈ : ਆਪਣਾ ਸਮਾਂ, ਪੈਸਾ, ਇੱਜ਼ਤ ਅਤੇ ਸਿਹਤ । ਨਸ਼ੇੜੀ ਵਿਅਕਤੀ ਦਿਮਾਗੀ, ਸਰੀਰਕ ਤੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ ।

## ਨਸ਼ੇੜੀ ਦੇ ਔਗੁਣ

1. ਝੂਠ ਬੋਲਣਾ, 2. ਚੋਰੀ ਕਰਨਾ, 3. ਮਤਲਬ ਕੱਢਣਾ, 4. ਡਰਾਉਣਾ ਤੇ ਬਹਾਨੇਬਾਜ਼ੀ ਕਰਨਾ ।

ਨਸ਼ੇੜੀ ਵਿਅਕਤੀ ਕੋਲ ਕੋਈ ਸ਼ਕਤੀ ਨਹੀਂ ਹੁੰਦੀ ਨਾ ਆਤਮਿਕ, ਨਾ ਅਧਿਆਤਮਿਕ, ਨਾ ਵਿਵਹਾਰਕ । ਬਸ ਇਕ ਨਸ਼ੇੜੀ ਨੂੰ ਇਹ ਸਭ ਸ਼ਕਤੀਆਂ ਪੈਦਾ ਕਰਕੇ ਹੀ ਠੀਕ ਕੀਤਾ ਜਾ ਸਕਦਾ ਹੈ । ਇਹ ਸ਼ਕਤੀ ਪੈਦਾ ਕਰਨ ਲਈ ਸਾਨੂੰ ਇਹਨਾਂ ਦੀ ਮਦਦ ਕਰਨੀ ਚਾਹੀਦੀ ਹੈ । ਇਹ ਸ਼ਕਤੀ ਪੈਦਾ ਕਰ ਸਕਦੇ ਹਨ ਨਸ਼ਾ ਛਡਾਊ ਕੇਂਦਰ, ਪਰਿਵਾਰਕ ਮੈਂਬਰ ਅਤੇ ਦੋਸਤ ਆਦਿ ।

### ਨਸ਼ਾ

ਨਸ਼ਾ ਸਾਨੂੰ ਕਿਸ ਤਰ੍ਹਾਂ ਲੱਗਦਾ ਹੈ । ਇਸ ਦੇ ਕਈ ਕਾਰਨ ਹਨ :-

1. ਵਿਆਹ-ਸ਼ਾਦੀਆਂ ।
2. ਗ਼ਮ, ਗੁੱਸਾ, ਪਿਆਰ ਵਿੱਚ ਧੋਖਾ ।
3. ਪਾਰਟੀ ਵਿੱਚ ।
4. ਖੁਸ਼ੀ ਦੇ ਮੌਕੇ ਤੇ ।
5. ਘਰ ਵਿੱਚ ਪਰਿਵਾਰਕ ਸਬੰਧ ਠੀਕ ਨਾ ਹੋਣ ਕਾਰਨ ।
6. ਮਾੜੀ ਸੰਗਤ ਕਾਰਨ ਅਤੇ ਕੋਲ ਜਿਆਦਾ ਪੈਸੇ ਹੋਣ ਕਾਰਨ ।
7. ਜਿਆਦਾ ਮਾਨਸਿਕ ਤਣਾਅ (Tension) ਕਾਰਨ ।

ਅਸੀਂ ਨਸ਼ੇ ਦੀ ਜਿਆਦਾ ਵਰਤੋਂ ਕੋਈ ਜਿਆਦਾ ਕੰਮ ਜਾਂ ਸੈਕਸ ਦਾ ਆਨੰਦ ਮਾਨਣ ਲਈ ਵੀ ਕਰਦੇ ਹਾਂ । ਪਰ ਹੌਲੀ ਹੌਲੀ ਨਸ਼ਾ ਸਾਡੀ ਪਹਿਲਾਂ ਆਦਤ ਅਤੇ ਫਿਰ ਮਜਬੂਰੀ ਬਣ ਜਾਂਦਾ ਹੈ । ਜਿਸਦਾ ਕਿ ਸਾਨੂੰ ਬਹੁਤ ਦੇਰ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਸਾਨੂੰ ਨਸ਼ੇ ਦੀ ਲਤ ਲੱਗ ਗਈ ਹੈ ।

## ਕਿੰਨੀ ਪ੍ਰਕਾਰ ਦਾ ਨਸ਼ਾ

ਅੱਜ-ਕੱਲ ਨਸ਼ੇ ਵੀ ਕਈ ਤਰ੍ਹਾਂ ਦੇ ਵੱਧ ਗਏ ਹਨ । ਸਾਨੂੰ ਕਾਫੀ ਦੇਰ ਤੱਕ ਪਤਾ ਹੀ ਨਹੀਂ ਚੱਲਦਾ ਕਿ ਸਾਡੇ ਬੱਚਿਆਂ ਜਾਂ ਆਦਮੀ ਨੇ ਕੋਈ ਨਸ਼ਾ ਕੀਤਾ ਹੈ । ਜਦੋਂ ਪਤਾ ਚਲਦਾ ਹੈ । ਉਦੋਂ ਉਹ ਕਾਫੀ ਨਸ਼ੇ ਵਿੱਚ ਅੱਗੇ ਜਾ ਚੁੱਕੇ ਹੁੰਦੇ ਹਨ । ਕਿਉਂਕਿ ਕਈ ਤਰ੍ਹਾਂ ਦੇ ਨਸ਼ੇ ਅੱਜ-ਕੱਲ ਚੱਲ ਪਏ ਹਨ । ਜਿਵੇਂ ਕਿ :

1. ਕੈਪਸੂਲ, ਗੋਲੀਆਂ, Corex, ਨਸ਼ੇ ਦੇ ਟੀਕੇ ਆਦਿ ।
2. ਸਮੈਕ, ਹੈਰੋਇਨ, ਅਫੀਮ, ਪੋਸਤ ਆਦਿ ।
3. ਭੰਗ ਦੇ ਪਾਪੜ, ਪਕੌੜੇ ਤੇ ਰਗੜਾ ਆਦਿ ।
4. ਤੰਬਾਕੂ, ਗੁੱਟਖਾ, ਸ਼ਰਾਬ, ਬੀੜੀ, ਸਿਗਰਟ ਆਦਿ ।